# कृषि के साथ पशु पालन को बतौर सहायक धंधा अपनाएं किसान : बलबीर सिंह सिद्धू

- भेड़-बकरियों के अनुवांशिक विकास की परियोजना का बटाला से शुभारंभ

### बीटल नस्ल की बकरियों की सबसे ज्यादा मांग





पशु पालकों को प्रमाण पत्र देते मंत्री बलबीर सिंह सिद्धू तथा (दाएं) पशु पालकों को योजना के तहत मुफ्त में बकरे देते मंत्री सिद्धु साथ हैं विधायक लाडी व सेखड़ी।

बटाला, 27 फरवरी (रेखी): पंजाब सरकार पशु पालन को फायदे का धंधा बनाने के लिए 50 करोड़ रुपए खर्च करके वीर्य लिंग निर्धारण तकनीक शुरू करने जा रही है, जिस की शुरूआत बटाला से की जाएगी। इस तकनीक से गाय, भैंसों से केवल बछड़ियां ही पैदा करके दूध उत्पादन में वृद्धि करने की योजना बनाई गई है। बुधवार को सूबे के पशु पालन, मत्स्य पालन, डेयरी विकास और श्रम विभाग के कैबिनेट मंत्री बलबीर सिंह सिद्धू ने बटाला में नैशनल लाईव स्टॉक मिशन के तहत भेड़ों और बकरियों के अनुवांशिक विकास परियोजना की शुरूआत की।

इस संबंध में पशु मंडी में आयोजित समारोह में कैबिनेट मंत्री सिद्धू ने कहा, कि पंजाब सरकार सूबे के किसानों को संकट से निकालने के लिए पशु पालन को सहायक धंधे के तौर पर प्रोत्साहन दे रही है और आने वाले तीन सालों में पंजाब में 25 हजार नए किसानों के डेयरी फार्मिंग के धंधे में आने की संभावना है, जिससे 75 हजार से ज्यादा परिवारों को प्रत्यक्ष और अप्रत्यक्ष रूप से रोजगार हासिल हो सकेगा। बकरी पालन का धंधा अपने आप में बहुत फायदेमंद है और इस धंधे में विस्तार की असीम संभावनाएं मौजूद हैं।

सिद्धू ने कहा कि पंजाब में बकरी पालन तेजी से बढ़ रहा है और माझा की बीटल नस्ल की बकरियों की पूरे देश में सबसे ज्यादा मांग हो रही है।

पंजाब सरकार द्वारा पशुओं की नस्ल सुधार के लिए परियोजना चलाई जा रही है, जिसके तहत बढ़िया नस्ल के पशु पैदा किए जा रहे हैं। इस अवसर पर विधायक बलविंदर सिंह लाडी, पूर्व विधायक अश्विनी सेखड़ी, एस.डी.एम. बलबीर राज सिंह, पशु पालन विभाग के डिप्टी डायरैक्टर डा. शाम सिंह, डेयरी विभाग के डिप्टी डायरैक्टर डा. कश्मीर सिंह, डा. जीवनजोत कौर, डा. गुरदेव सिंह, डा. सर्वजीत सिंह, डा. परमपाल सिंह, डा. नितिन कुमार, डा. रंजीत सिंह, डा. अशोक बतरा, डा. अमरजीत सिंह, डा. मनबीर सिंह, डा. जुलका, जिला कांग्रेस कमेटी प्रधान रोशन जोसेफ, सिटी कांग्रेस प्रधान स्वर्ण मुड, निशान सिंह पवार व अन्य मौजूद थे।

### योजना के तहत 20 किसानों को मुफ्त में भेंट किए बकरे

बटाला से शुरू की गई नैशनल लाईव स्टॉक मिशन के तहत भेड़, बकरियों के अनुवांशिक विकास की योजना में पंजाब सरकार 30 बकरियों के यूंनिट के पीछे बढ़िया नस्ल के बकरे केवल 200 रुपए मे पशु पालकों को देगी। इस अवसर पर 20 पशु पालकों को इस योजना के तहत मुफ्त में बढ़िया नस्ल के बकरे दिए गए। सरकार ने नए बजट में बकरी पालन को प्रोत्साहन देने के लिए 313 लाख रुपए की व्यवस्था की है। माझा में बीटल नस्ल की बकरियों की नस्ल और सेहत सुधार के लिए माझा के सभी जिलों में कार्यक्रम लागू किया जा रहा है, जिसके तहत बकरियों की सेहत के लिए मुफ्त टीकाकरण और दवाईया उपलब्ध करवाई जाएंगी। उन्होंने किसानों को पशु पालन को सहायक धंधे के तौर पर अपनाने के लिए कहा।

Scanned by CamScanner

ਪੰਜਾਬੀ ਟ੍ਰਿਬਿਊਨ

# ਸ਼ੀਪ ਐਂਡ ਗੋਟਜ਼ ਪ੍ਰਾਜੈਕਟ ਦੀ ਸ਼ੁਰੂਆਤ

ਨਿੱਜੀ ਪੱਤਰ ਪ੍ਰੇਰਕ

**ਬਟਾਲਾ, 27 ਫਰਵਰੀ**

ਸੂਬੇ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਕਿਰਤ ਵਿਭਾਗ ਦੇ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰ ਵੱਲੋਂ ਪਸ਼ੂ ਪਾਲਣ ਕਿੱਤੇ ਨੂੰ ਲਾਹੇਵੰਦਾ ਬਣਾਉਣ ਲਈ 50 ਕਰੋੜ ਰੁਪਏ ਦੀ ਲਾਗਤ ਨਾਲ ਸੀਮਨ ਸੈਕਸਿੰਗ ਤਕਨੀਕ ਸ਼ੁਰੂ ਕੀਤੀ ਜਾ ਰਹੀ ਹੈ ਤਾਂ ਜੋ ਵੱਧ ਤੋਂ ਵੱਧ ਕੱਟੀਆਂ, ਵੱਛੀਆਂ ਪੈਦਾ ਕਰਕੇ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਕੀਤਾ ਜਾ ਸਕੇ। ਅੱਜ ਬਟਾਲਾ ਵਿਚ ਨੈਸ਼ਨਲ ਲਾਈਵ ਸਟਾਕ ਮਿਸ਼ਨ ਤਹਿਤ ਜੈਨੇਟਿਕ ਇੰਪਰੂਵਮੈਂਟ ਫਾਰ ਸ਼ੀਪ ਐਂਡ ਗੋਟਜ਼ ਪ੍ਰਾਜੈਕਟ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਆਵਾਰਾ ਪਸੂਆਂ ਤੋਂ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਸੂਬੇ ਵਿੱਚ 25 ਹਜ਼ਾਰ ਨਵੇਂ ਡੇਅਰੀ ਫਾਰਮ ਖੋਲ੍ਹਣ ਦਾ ਟੀਚਾ ਹੈ। ਸਿੱਧੂ ਨੇ ਕਿਹਾ ਕਿ ਬੱਕਰੀ ਪਾਲਣ ਦਾ ਕਿੱਤਾ ਬਹੁਤ ਮੁਨਾਫ਼ੇ ਵਾਲਾ ਅਤੇ ਇਸ ਦੇ ਵਿਸਥਾਰ ਦੀਆਂ ਅਸੀਮ ਸੰਭਾਵਨਾਵਾਂ ਹਨ।

ਉਨ੍ਹਾਂ ਕਿਹਾ ਕਿ ਇਸ ਵਾਰ ਬਜਟ ਵਿੱਚ 313 ਲੱਖ ਰੁਪਏ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਬੀਟਲ ਨਸਲ ਦੀਆਂ ਬੱਕਰੀਆਂ ਦੇ ਨਸਲ ਸੁਧਾਰ ਪ੍ਰੋਗਰਾਮ ਨੂੰ ਮਾਝੇ ਦੇ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਜਾਵੇਗਾ। ਉਨ੍ਹਾ ਬੱਕਰੀ ਪਾਲਕਾਂ ਨੂੰ ਵਧੀਆ ਨਸਲ ਦੇ ਬੱਕਰੇ ਦੇਣ ਦੇ ਨਾਲ ਸਨਮਾਨਤ ਵੀ ਕੀਤਾ। ਇਸ ਮੌਕੇ ਵਿਧਾਇਕ ਬਲਵਿੰਦਰ ਸਿੰਘ ਲਾਡੀ, ਐੱਸਡੀਐੱਮ ਬਲਬੀਰ ਰਾਜ ਸਿੰਘ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ, ਡੇਅਰੀ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਕਸ਼ਮੀਰ ਸਿੰਘ ਮੌਜੂਦ ਸਨ।

Scanned by CamScanner



ਪੰਜਾਬ ਭਰ ਤੋਂ ਆਏ ਬੱਕਰੀ ਪਾਲਕਾਂ ਨੂੰ ਸਨਮਾਨਿਤ ਕਰਦੇ ਹੋਏ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ, ਨਾਲ ਹਨ ਅਸ਼ਵਨੀ ਸੇਖੜੀ, ਬਲਵਿੰਦਰ ਸਿੰਘ ਲਾਡੀ ਤੇ ਹੋਰ। ਤਸਵੀਰ : ਚੰਬੇ ਸਟੂਡੀਓ

# ਬਟਾਲਾ ਤੋਂ 'ਜੈਨੇਟਿਕ ਇੰਪਰੂਵਮੈਂਟ ਫਾਰ ਸ਼ੀਪ ਐਂਡ ਗੋਟਜ਼ ਪ੍ਰਾਜੈਕਟ' ਦੀ ਸ਼ੁਰੂਆਤ

ਬਟਾਲਾ, 27 ਫਰਵਰੀ (ਕਾਹਲੋਂ)- ਪੰਜਾਬ ਸਰਕਾਰ ਵਲੋਂ ਪਸ਼ੂ ਪਾਲਣ ਕਿੱਤੇ ਨੂੰ ਲਾਹੇਵੰਦਾ ਬਣਾਉਣ ਲਈ 50 ਕਰੋੜ ਰੁਪਏ ਦੀ ਲਾਗਤ ਨਾਲ ਸੀਮਨ ਸੈਕਸਿੰਗ

## ਸੂਬੇ 'ਚ ਅਗਲੇ ਤਿੰਨ ਸਾਲਾਂ 'ਚ 25 ਹਜ਼ਾਰ ਨਵੇਂ ਡੇਅਰੀ ਫਾਰਮ ਖੋਲ੍ਹੇ ਜਾਣਗੇ- ਬਲਬੀਰ ਸਿੰਘ ਸਿੱਧੂ

ਤਕਨੀਕ ਸ਼ੁਰੂ ਕੀਤੀ ਜਾ ਰਹੀ ਹੈ ਤਾਂ ਜੋ ਵੱਧ ਤੋਂ ਵੱਧ ਕੱਟੀਆਂ, ਵੱਛੀਆਂ ਪੈਦਾ ਕਰਕੇ ਦੁੱਧ ਦੀ ਪੈਦਾਵਾਰ ਵਿਚ ਵਾਧਾ ਕੀਤਾ ਜਾ ਸਕੇ। ਇਸ ਪ੍ਰਾਜੈਕਟ ਨਾਲ ਸੂਬੇ 'ਚੋਂ ਆਵਾਰਾ ਪਸ਼ੂਆਂ ਦੀ ਸਮੱਸਿਆ ਤੋਂ ਵੀ ਨਿਜਾਤ ਪਾਈ ਜਾ ਸਕੇਗੀ। ਇਹ ਪ੍ਰਗਟਾਵਾ ਸੂਬੇ ਦੇ ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਕਿਰਤ ਵਿਭਾਗ ਦੇ ਕੈਬਨਿਟ ਮੰਤਰੀ ਸ. ਬਲਬੀਰ ਸਿੰਘ ਸਿੱਧੂ ਨੇ ਅੱਜ ਬਟਾਲਾ ਵਿਖੇ ਨੈਸ਼ਨਲ ਲਾਈਵ ਸਟਾਕ ਮਿਸ਼ਨ ਤਹਿਤ ਜੈਨੇਟਿਕ ਇੰਪਰੂਵਮੇਂਟ ਫਾਰ ਸ਼ੀਪ ਐਂਡ ਗੋਟਜ਼ ਪ੍ਰਾਜੈਕਟ ਦੀ ਸ਼ੁਰੂਆਤ ਕਰਦਿਆਂ ਆਪਣੇ ਸੰਬੋਧਨ ਦੌਰਾਨ ਕੀਤਾ। ਇਸ ਮੌਕੇ ਸਾਬਕਾ ਮੰਤਰੀ ਸ੍ਰੀ ਅਸ਼ਵਨੀ ਸੇਖੜੀ ਅਤੇ ਵਿਧਾਇਕ ਸ: ਬਲਵਿੰਦਰ ਸਿੰਘ ਲਾਡੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਕਿਸਾਨੀ ਨੂੰ ਸੰਕਟ 'ਚੋਂ ਕੱਢਣ ਲਈ ਪਸ਼ੂ ਪਾਲਣ ਵਰਗੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਅਗਲੇ ਤਿੰਨ ਸਾਲਾਂ ਵਿਚ ਸੂਬੇ ਵਿਚ 25 ਹਜ਼ਾਰ ਨਵੇਂ ਡੇਅਰੀ ਫਾਰਮ ਖੋਲਣ ਦਾ ਟੀਚਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਉੱਦਮ ਨਾਲ ਜਿਥੇ 25000 ਨਵੇਂ ਕਿਸਾਨ ਡੇਅਰੀ ਫਾਰਮਿੰਗ ਦੇ ਕਿੱਤੇ ਵਿਚ ਆ ਸਕਣਗੇ, ਉਥੇ 75 ਹਜ਼ਾਰ ਤੋਂ ਵੱਧ ਪਰਿਵਾਰਾਂ ਨੂੰ ਇਸ ਖੇਤਰ ਵਿਚ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲੇਗਾ। ਪਸ਼ੂ ਪਾਲਣ ਮੰਤਰੀ ਸ: ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਬੱਕਰੀ ਪਾਲਣ ਦਾ ਕਿੱਤਾ ਬਹੁਤ ਮੁਨਾਫ਼ੇ ਵਾਲਾ ਅਤੇ ਇਸ ਦੇ ਵਿਸਥਾਰ ਦੀਆਂ ਅਸੀਮ ਸੰਭਾਵਨਾਵਾਂ ਹਨ। ਇਸ ਮੌਕੇ ਕੈਬਨਿਟ ਮੰਤਰੀ ਸ: ਸਿੱਧੂ ਨੇ ਬੱਕਰੀ ਪਾਲਕਾਂ ਨੂੰ ਵਧੀਆ ਨਸਲ ਦੇ ਬੱਕਰੇ ਦੇਣ ਦੇ ਨਾਲ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਐਸ.ਡੀ.ਐਮ. ਬਟਾਲਾ ਸ੍ਰੀ ਬਲਬੀਰ ਰਾਜ ਸਿੰਘ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ,

(ਸਫਾ 3 ਦਾ ਬਾਕੀ)

ਡੇਅਰੀ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਕਸ਼ਮੀਰ ਸਿੰਘ, ਪਸ਼ੂ ਪਾਲਣ ਮੰਤਰੀ ਦੇ ਰਾਜਨੀਤਕ ਸਲਾਹਕਾਰ ਸ੍ਰੀ ਹਰਕੇਸ਼ ਚੰਦ ਸ਼ਰਮਾ, ਡਾ. ਜੀਵਨਜੋਤ ਕੌਰ, ਡਾ. ਗੁਰਦੇਵ ਸਿੰਘ, ਡਾ. ਸਰਬਜੀਤ ਸਿੰਘ ਰੰਧਾਵਾ, ਡਾ. ਪਰਮਪਾਲ ਸਿੰਘ, ਡਾ. ਨਿਤਨ ਕੁਮਾਰ, ਡਾ. ਰਣਜੀਤ ਸਿੰਘ, ਡਾ. ਅਸ਼ੋਕ ਖੰਤਰਾ, ਡਾ. ਅਮਰਜੀਤ ਸਿੰਘ, ਡਾ. ਮਨਬੀਰ ਸਿੰਘ, ਡਾ. ਜੁਲਕਾ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰੋਸ਼ਨ ਜੋਸਫ, ਕਿਸ਼ਨ ਚੰਦਰ ਮਹਾਜਨ, ਸੂਬਾ ਪ੍ਰੈਸ ਸਕੱਤਰ ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ, ਸਰਵਨ ਮੌਖ, ਨਿਸ਼ਾਨ ਸਿੰਘ ਪਵਾਰ ਤੋਂ ਇਲਾਵਾ ਕੰਢੀ ਇਲਾਕੇ ਵਿਚ ਜ਼ਿਲ੍ਹੇ ਦੇ ਬੱਕਰੀ ਪਾਲਕ ਵੀ ਮੌਜੂਦ ਸਨ।



Scanned by CamScanner